੧ ਓ ਵਾਹਿਗੁਰੂ ਜੀ ਕੀ ਫਤਹਿ ॥

# ਗੁਰਮਤਾ ਤੇ ਇਸ ਦਾ ਮਹੱਤਵ (ਸਿਧਾਂਤਕ ਪੱਖ)

ਪ੍ਰੋ. ਲਾਭ ਸਿੰਘ ਜੀ
ਗੁਰਮਤਿ ਕਾਲਜ, ਪਟਿਆਲਾ

੧੨, ੧੩, ੧੪ ਅਪ੍ਰੈਲ ੧੯੭੫ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ ਕੀਤੇ ਗਏ
ਪਹਿਲੇ 'ਪੰਥਕ ਵਿਚਾਰ ਸੰਮੇਲਨ' ਸਮੇਂ ਪੜ੍ਹਨ ਹਿਤ
ਲਿਖਿਆ ਗਿਆ ਖੋਜ-ਪੱਤਰ ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ,
ਅੰਮ੍ਰਿਤਸਰ ।

Digitized by Panjab Digital Library | www.panjabdigilib.org

# ਗੁਰਮਤਾ ਤੇ ਇਸ ਦਾ ਮਹੱਤਵ (ਸਿਧਾਂਤਕ ਪੱਖ)

[ਪ੍ਰੋ. ਲਾਭ ਸਿੰਘ ਜੀ

ਸਮੱਸਿਆ ਦੇ ਵਿਸ਼ਲੇਸ਼ਨ ਦਾ ਅਰੰਭ ਵਿਸ਼ੇ ਦੇ ਕੇਂਦਰੀ ਮਹੱਤਵ ਵਾਲੇ ਸ਼ਬਦ 'ਗੁਰਮਤਾ' ਦੇ ਅਰਥਾਂ ਦੀ ਸਹੀ ਸਮਝ ਤੋਂ ਹੀ ਹੋ ਸਕਦਾ ਹੈ। 'ਗੁਰਮਤਾ' 'ਗੁਰ' ਅਤੇ 'ਮਤਾ' ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਸ਼ਬਦ ਹੈ। ਗੁਰੂ, ਸਿੱਖ ਧਰਮ ਵਿਚ ਅਚੁੱਕ ਅਧਿਆਤਮਕ ਰਾਹਬਰ ਹੈ ਅਤੇ ਮਤਾ ਹੈ ਉਸ ਦਾ ਮਸ਼ਵਰਾ। ਇਸ ਲਈ ਗੁਰਮਤਾ ਹੈ ਗੁਰਮਤਿ ਤੇ ਆਸ਼ਰਤ ਸੰਕਲਪ, ਨਿਸਚੈ ਜਾਂ ਨਿਰਣਾ। ਇਸ ਤਰ੍ਹਾਂ ਗੁਰਮਤੇ ਦੇ ਸੰਕੇਤਕ ਅਰਥ 'ਗੁਰੂ ਦੀ ਰਾਇ' ਦੇ ਲਖਾਇਕ ਹਨ। ਅਗਾਂਹ ਜਾ ਕੇ ਸਰਬੱਤ ਖਾਲਸੇ ਦੇ ਫੈਸਲਿਆਂ ਨੂੰ ਜੋ ਗੁਰੂ ਦੀ ਹਜ਼ੂਰੀ ਵਿਚ ਹੁੰਦੇ ਸਨ ਗੁਰਮਤਾ ਕਿਹਾ ਜਾਂਦਾ ਰਿਹਾ। ਪਰ ਇਸ ਮੂਲ ਅਰਥ ਦੇ ਨਾਲ ਨਾਲ ਸਿੱਖ ਇਤਿਹਾਸ ਦੇ ਪਿਛਲੇਰੇ ਕਾਲ ਵਿਚ ਗੁਰਮਤਾ ਸ਼ਬਦ ਦੇ ਵੱਖਰੀ ਭਾਂਤ ਦੇ ਅਰਥ ਵੀ ਕੀਤੇ ਮਿਲਦੇ ਹਨ। ਸਿੱਖ ਮਿਸਲਾਂ ਸਮੇਂ ਸਿੱਖਾਂ ਦੀ ਕੇਂਦਰੀ ਜਥੇਬੰਦੀ ਨੂੰ ਵੀ ਗੁਰਮਤਾ ਆਖਿਆ ਜਾਂਦਾ ਰਿਹਾ ਹੈ।[1] ਇਹ ਕੇਂਦਰੀ ਸਿੱਖ ਜਥੇਬੰਦੀ ਹੋਲੀ, ਦਿਵਾਲੀ ਜਾਂ ਵਿਸਾਖੀ ਦੇ ਪਵਿੱਤਰ ਤਿਉਹਾਰਾਂ ਸਮੇਂ ਆਪਣੀ ਇਕੱਤਰਤਾ ਕਰਕੇ ਸਮੁੱਚੀ ਕੌਮ ਦੇ ਹਿੱਤਾਂ ਲਈ ਯੋਜਨਾਵਾਂ ਅਤੇ ਨਿਰਣੈ ਕਰਿਆ ਕਰਦੀ ਸੀ। ਇਸ ਤਰ੍ਹਾਂ ਗੁਰਮਤਾ ਸ਼ਬਦ ਦਾ ਦੂਜਾ ਅਰਥ ਪਹਿਲੇ ਅਰਥ ਤੋਂ ਬਹੁਤਾ ਦੂਰ ਨਹੀਂ ਜਾਂਦਾ ਸਗੋਂ ਇਹ ਪਹਿਲੇ ਅਤੇ ਮੂਲ ਅਰਥਾਂ ਤੇ ਹੀ ਆਧਾਰਤ ਹੈ ਅਰਥਾਤ ਗੁਰਮਤੇ ਸੋਧਣ ਵਾਲੀ ਜਥੇਬੰਦੀ ਨੂੰ ਹੀ ਗੁਰਮਤਾ ਕਿਹਾ ਜਾਣ ਲੱਗਾ। ਏਥੇ ਅਸੀਂ ਵਿਸ਼ੇ ਦਾ ਵਿਸ਼ਲੇਸ਼ਣ ਕਰਦਿਆਂ ਆਪਣਾ ਵਾਸਤਾ ਸ਼ਬਦ ਦੇ ਮੂਲ ਅਰਥਾਂ ਤੱਕ ਹੀ ਸੀਮਤ ਰੱਖਾਂਗੇ, ਅਰਥਾਤ 'ਗੁਰਮਤਿ ਆਸ਼ਰਤ ਨਿਰਣਾ'।

ਵਿਸ਼ੇ ਦੀ ਵਿਸਥਾਰ ਸਹਿਤ ਚਰਚਾ ਛੇੜਨ ਤੋਂ ਪਹਿਲਾਂ ਇਸ ਦੇ ਹੱਦਾਂ ਬੰਨ੍ਹਿਆਂ ਬਾਰੇ ਸੰਕੇਤ ਕਰ ਦੇਣਾ ਅਨੁਚਿਤ ਨਹੀਂ ਹੋਵੇਗਾ। ਮੇਰਾ ਮੂਲ ਵਾਸਤਾ ਸਮੱਸਿਆ ਦੇ ਸਿਧਾਂਤਕ ਪੱਖ ਨਾਲ ਹੈ, ਅਮਲੀ ਤੇ ਇਤਿਹਾਸਕ ਪੱਖਾਂ ਨਾਲ ਨਹੀਂ। ਪਰ ਜਿਥੇ ਸਿਧਾਂਤਕ ਪੱਖ ਦੇ ਸਪਸ਼ਟੀਕਰਣ ਲਈ ਇਤਿਹਾਸਕ ਤੇ ਅਮਲੀ ਪੱਖ ਸਹਿਯੋਗੀ ਹੋਣਗੇ ਉਥੇ ਉਨ੍ਹਾਂ ਨੂੰ ਤਿਆਗਿਆ ਨਹੀਂ ਜਾਵੇਗਾ। ਉਦਾਹਰਣ ਲਈ ਗੁਰਮਤੇ ਕਰਨ ਵਾਲੀ ਜਥੇਬੰਦ ਸੰਸਥਾ ਦੀ ਬਹੁਤੀ ਲੋੜ ਤਦੋਂ ਹੀ ਪਈ ਜਦੋਂ ਗੁਰਤਵ ਦੀ ਜ਼ਿੰਮੇਂਵਾਰੀ ਗ੍ਰੰਥ ਅਤੇ ਪੰਥ ਦੋਹਾਂ ਤੇ ਇਕੋ ਸਮੇਂ ਪ੍ਰਵਾਨ ਕੀਤੀ ਗਈ। ਸਤਿਗੁਰਾਂ ਦੇ ਦੇਹਧਾਰੀ ਸਰੂਪ ਸਮੇਂ ਅਜੇਹੀ ਸਮੱਸਿਆ ਉਜਾਗਰ ਨਹੀਂ ਹੋਈ ਸੀ ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਥ ਨੂੰ ਸੁਸਿਖਸ਼ਤ ਕਰਨ ਲਈ ਅਮਲੀ ਰੂਪ ਵਿਚ ਕਈ ਵਾਰ ਅਜਿਹਾ ਕਰਦੇ ਰਹੇ ਹਨ।[2] ਇਹ ਇਤਿਹਾਸਕ ਘਟਨਾ ਗੁਰਮਤਾ ਸੋਧਕ ਸੰਸਥਾ ਦੇ ਸਰੂਪ ਦਾ ਹੋਰ ਸਪਸ਼ਟੀਕਰਣ ਕਰਦੀ ਹੈ।

ਸਪਸ਼ਟੀਕਰਣ ਦੀ ਸਮੱਗਰੀ ਨਾਲ ਸੰਬੰਧਤ ਇਥੇ ਇਕ ਹੋਰ ਨੁਕਤਾ ਵੀ ਵਿਚਾਰਿਆ ਜਾ ਸਕਦਾ ਹੈ। ਉਹ ਨੁਕਤਾ ਹੈ ਵਿਧਾਨਕਾਰੀ (Legislative) ਅਤੇ ਇਸ ਤੇ ਅਧਾਰਤ ਨਿਆਂਕਾਰੀ (Judiciary) ਅਤੇ ਸਭਾ ਜਾਂ ਕਾਰਜਕਾਰੀ (Executive) ਦੇ ਕੁਝ ਕੁ ਪ੍ਰਵਾਣਤ ਸੰਸਥਾਈ ਰੂਪਾਂ ਬਾਰੇ ਚਰਚਾ। ਇਨ੍ਹਾਂ ਬਾਰੇ ਵਿਚਾਰ ਵਿਸ਼ੇ ਦੀ ਸਹੀ ਜਾਣਕਾਰੀ ਲਈ ਨਾ ਕੇਵਲ ਲਾਹੇਵੰਦਾ ਹੀ ਸਿੱਧ ਹੋਵੇਗਾ ਸਗੋਂ ਇਹਨਾਂ ਦੀ ਮੂਲ ਸਮੱਸਿਆ ਵੀ ਗੁਰਮਤੇ ਦੀ ਕੇਂਦਰੀ ਸਮੱਸਿਆ ਨਾਲ ਜੁੜੀ ਹੋਈ ਹੈ। ਗੁਰਮਤਾ, ਜਿਵੇਂ ਕਿ ਅਸੀਂ ਉਪਰ ਵੇਖ ਆਏ ਹਾਂ, ਇਕ ਨਿਰਣਾ ਹੁੰਦਾ ਹੈ। ਨਿਰਣਾ ਕਿਸੇ ਨਿਆਂਕਾਰੀ ਤੱਥਾਂ ਨਾਲ ਸਪੱਸ਼ਟ ਤੌਰ ਤੇ ਸਬੰਧਿਤ ਹੁੰਦਾ ਹੈ ਅਤੇ ਨਿਆਂਕਾਰੀ ਕਿਸੇ ਵਿਧਾਨ-

1. 'Gurumata was the Central body of the Sikhs which originated after the death of Guru Gobind Singh'
'N.K. Sinha 'Rise of the Sikh Power'.
2. N.K. Sinha 'Rise of the Sikh Power' page 108 wrote. The first Assembly was summoned by the Tenth Guru himself and the last in 1805.



Digitized by Panjab Digital Library | www.panjabdigilib.org

ਸਾਜ਼ੀ ਦੇ ਪ੍ਰਵਾਨਿਤ ਵਿਧਾਨ ਦਿਆਂ ਹੱਦਾਂ ਬੰਨਿਆਂ ਵਿਚ ਰਹਿ ਕੇ ਹੀ ਨਿਰਣੈ ਕਰ ਸਕਦੀ ਹੈ। ਕਾਰਜਕਾਰੀ ਪ੍ਰਵਾਣਿਤ ਨਿਰਣਿਆਂ ਨੂੰ ਲਾਗੂ ਕਰਨ ਵਾਲੀ ਸੰਸਥਾ ਹੁੰਦੀ ਹੈ। ਸਪਸ਼ਟ ਹੈ ਕਿ ਗੁਰਮਤੇ ਜਾਂ ਨਿਰਣੇ ਦੀ ਸਹੀ ਸਮਝ ਇਸ ਸਾਰੇ ਪਾਸਾਰੇ ਤੋਂ ਲਾਂਭੇ ਜਾ ਕੇ ਜਾਂ ਇਸ ਪ੍ਰਸੰਗ ਤੋਂ ਟੁੱਟਕੇ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਸ ਸਾਰੀ ਰਚਨਾ ਵਿਚ ਵਿਧਾਨ-ਸਾਜ਼ੀ ਦਾ ਕੇਂਦਰੀ ਮਹੱਤਵ ਹੁੰਦਾ ਹੈ। ਕਈ ਵਾਰੀ ਇਹ ਤਿੰਨੇ ਪੱਖ ਇਕੋ ਥਾਂ ਕੇਂਦਰਤ ਹੋਏ ਵੀ ਮਿਲਦੇ ਹਨ ਜਿਵੇਂ ਬਾਦਸ਼ਾਹ ਜਾਂ ਕਿਸੇ ਸਮਰਾਟ ਵਿਚ। ਕਈ ਵਾਰੀ ਵੱਖ ਵੱਖ ਵੀ ਮਿਲਦੇ ਹਨ ਜਿਵੇਂ ਪਰਜਾਤੰਤਰੀ ਢਾਂਚੇ ਵਿਚ। ਕਿਉਂਕਿ ਨਿਆਂਕਾਰੀ ਅਤੇ ਕਾਰਜਕਾਰੀ ਇਸ ਦੀਆਂ ਨੀਹਾਂ ਤੇ ਹੀ ਉਸਰਦੀਆਂ ਹਨ। ਏਥੇ ਅਸੀਂ ਇਸ ਲਈ ਵਿਧਾਨ ਸਾਜ਼ੀ ਦੇ ਬੇਅੰਤ ਰੂਪਾਂ ਵਿਚੋਂ (Theocratic) ਇਲਾਹੀਰਾਜ ਦਾ, (Monarchic) ਸਮਰਾਟਵਾਦੀ, (Aristocratic) ਕੁਲੀਨਤੰਤਰਵਾਦੀ ਅਤੇ (Democratic) ਪਰਜਾਤੰਤ੍ਰਾਤਮਕ ਆਦਿ ਰੂਪਾਂ ਦੀ ਹੀ ਚਰਚਾ ਕਰਾਂਗੇ।

Theocratic (ਇਲਾਹੀਰਾਜ) ਵਿਧਾਨ-ਸਾਜ਼ੀ ਵਿਚ ਪ੍ਰਭੂਸਤਾ ਦਾ ਅੰਤਮ ਸੋਮਾਂ ਰੱਬ ਜਾਂ ਦੇਵ ਹੁੰਦਾ ਹੈ, ਮਨੁੱਖ ਨਹੀਂ। ਇਸ ਤਰ੍ਹਾਂ Theccracy ਇਕ ਇਲਾਹੀਰਾਜ ਹੈ। ਇਸ ਪ੍ਰਕਾਰ ਦੀ ਬਣਤਰ ਵਾਲੀ ਸਰਕਾਰ ਦੀ ਵਿਧਾਨ-ਸਾਜ਼ੀ ਦੈਵ ਵਿਧਾਨ ਦੀਆਂ ਹੱਦਾਂ ਬੰਨਿਆਂ ਵਿੱਚ ਰਹਿਕੇ ਹੀ ਨਿਆਂ ਵਿਧਾਨ ਦੀ ਸਾਜਨ ਕਰਦੀ ਹੈ। ਏਥੇ ਇੱਕ ਗੱਲ ਵੱਲ ਇਸ਼ਾਰਾ ਕਰ ਦੇਣਾ ਜ਼ਰੂਰੀ ਹੈ ਕਿ Theoeracy (ਇਲਾਹੀ ਰਾਜ) ਦੀ ਸ਼ੁੱਧ ਸਰੂਪ ਵਿੱਚ ਹੋਂਦ ਇਕ ਕਾਲਪਨਿਕ ਵਿਚਾਰ ਹੈ। ਇਹ ਕਦੀ ਆਪਣੇ ਆਪ ਵਿੱਚ ਸਾਕਾਰ ਨਹੀਂ ਹੁੰਦੀ, ਆਮ ਤੌਰ ਤੇ ਉਹਨਾਂ ਸਰਕਾਰਾਂ ਨੂੰ ਜਿਥੇ ਰਾਜਨੀਤੀ ਧਰਮ ਅਧੀਨ ਅਤੇ ਧਰਮ ਆਧਾਰਤ ਹੁੰਦੀ ਹੈ Theocratic ਸਰਕਾਰਾਂ ਕਿਹਾ ਜਾਂਦਾ ਹੈ। ਸ਼ਰ੍ਹਾ ਆਧਾਰਤ ਇਸਲਾਮੀ ਹਕੂਮਤ ਅਤੇ ਦਾਊਦ ਤੇ ਸੁਲੇਮਾਨ ਦੀਆਂ ਯਹੂਦੀ ਸਰਕਾਰਾਂ ਦੇ ਰੂਪ Theocratic ਕਹੇ ਜਾ ਸਕਦੇ ਹਨ। ਇਹਨਾਂ ਹਕੂਮਤਾਂ ਵਿੱਚ ਅੰਤਮ ਰਾਇ ਬਾਦਸ਼ਾਹ ਦੀ ਅਤੇ ਪ੍ਰਵਾਨਗੀ ਰੱਬ ਦੀ ਹੋਣੀ ਮੰਨੀ ਜਾਂਦੀ ਸੀ। ਰੱਬ ਦੀ ਪ੍ਰਵਾਨਗੀ ਧਰਮ ਗ੍ਰੰਥਾਂ ਤੇ ਆਧਾਰਤ ਰੱਬੀ ਜਾਂ ਦੈਵੀ ਵਿਧਾਨ ਦੇ ਮਾਧਿਅਮ ਦੁਆਰਾ ਪ੍ਰਗਟਾਈ ਜਾਂਦੀ ਹੈ। ਇਸ ਤਰ੍ਹਾਂ ਇਸ ਦਾ ਅਸਲੀ ਰੂਪ Theocratic Monarchy .............. ਜਾਂ Theocratic Aristocracy ਹੁੰਦਾ ਹੈ। ਸ਼ੁੱਧ Theocracy ਨਹੀਂ।

Secular Monarchy ਵਿਚ ਪ੍ਰਭੂਸਤਾ ਦਾ ਅੰਤਮ ਸੋਮਾਂ ਬਾਦਸ਼ਾਹ ਹੁੰਦਾ ਹੈ ਅਤੇ ਬਾਦਸ਼ਾਹ ਦੀ ਮਰਜ਼ੀ ਕਾਨੂੰਨ। ਅਜਿਹੀ ਭਾਂਤ ਦੀ ਸਰਕਾਰ ਵਿੱਚ ਨਿਆਂ ਦੀ ਸਰਬ ਉਚ ਅਪੀਲ ਸੰਵਿਧਾਨ ਕੋਲ ਨਹੀਂ ਸਗੋਂ ਬਾਦਸ਼ਾਹ ਕੋਲ ਕੀਤੀ ਜਾਂਦੀ ਹੈ। ਸਭ ਤੋਂ ਵੱਧ ਸਤਿਕਾਰ ਦਾ ਅਧਿਕਾਰੀ ਬਾਦਸ਼ਾਹ ਆਪ ਹੁੰਦਾ ਹੈ, ਸੰਵਿਧਾਨ ਨਹੀਂ।

Aristocracy...ਸਮਾਜ ਦੇ ਕੁਲੀਨ ਵਰਗ ਜਾਂ ਸਰੇਸ਼ਟ ਬੁੱਧ ਲੋਕਾਂ ਦਾ ਰਾਜ ਹੁੰਦਾ ਹੈ।

Aristocracy ਥਿਓਕਰੈਟਕ ਵੀ ਹੋ ਸਕਦੀ ਹੈ ਅਤੇ ਸੈਕੂਲਰ ਵੀ। ਅਜਿਹੇ ਪਰਕਾਰ ਦੀ ਸੈਕੂਲਰ ਸਰਕਾਰ ਦੇ ਸੰਵਿਧਾਨ ਦਾ ਅੰਤਮ ਸੋਮਾਂ ਸਰੇਸ਼ਟ ਲੋਕਾਂ ਦੀ ਰਾਇ ਵਿੱਚ ਮੰਨਿਆ ਜਾ ਸਕਦਾ ਹੈ।

(Democracy) ਲੋਕਤੰਤਰਵਾਦ ਵਿੱਚ ਵਿਧਾਨ-ਸਾਜ਼ੀ ਲੋਕਾਂ ਦੇ ਚੁਣੇ ਹੋਏ ਪ੍ਰਤੀਨਿੱਧਾਂ ਦੀ ਹੁੰਦੀ ਹੈ। ਸਿਧਾਂਤਕ ਤੌਰ ਤੇ ਪ੍ਰਭੂਸਤਾ ਲੋਕਾਂ ਵਿੱਚ ਪ੍ਰਵਾਨ ਕੀਤੀ ਜਾਂਦੀ ਹੈ। ਸਰਕਾਰ ਬਣਤਰ ਦੇ ਇਹਨਾਂ ਰੂਪਾਂ ਦੇ ਅੱਗੇ ਕਈ ਹੋਰ ਨਖੇੜੇ ਕੀਤੇ ਮਿਲਦੇ ਹਨ ਪਰ ਇਹਨਾਂ ਵਿਸਥਾਰਾਂ ਵਿੱਚ ਜਾਣਾ ਏਥੇ ਸਾਡਾ ਮਨੋਰਥ ਨਹੀਂ ਹੈ ਤੇ ਨਾਂਹੀ ਸਾਡੇ ਮਨੋਰਥ ਸਿੱਧੀ ਲਈ ਇਹ ਸਹਾਇਕ ਸਿੱਧ ਹੋ ਸਕਦਾ ਹੈ। ਵਿਧਾਨ-ਸਾਜ਼ੀ ਦੇ ਇਹਨਾਂ ਵਿਭਿੰਨ ਰੂਪਾਂ ਦੇ ਪ੍ਰਸੰਗ ਵਿੱਚ ਸਿੱਖ ਵਿਧਾਨ-ਸਾਜ਼ੀ ਦੇ ਸਰੂਪ ਦੀ ਰੂਪ ਰੇਖਾ ਸਮਝਣਾ ਲਾਹੇਵੰਦ ਹੋਵੇਗਾ।

ਸਿੱਖ ਵਿਧਾਨ-ਸਾਜ਼ੀ ਵਿੱਚ ਪ੍ਰਭੂਸਤਾ ਦਾ ਅੰਤਮ ਸੋਮਾਂ ਅਕਾਲ ਪੁਰਖ ਆਪ ਹੈ ਪਰ ਇਸ ਪ੍ਰਭੂਸਤਾ ਦੇ ਪ੍ਰਗਟਾਵੇ ਦਾ ਮਾਧਿਅਮ ਕੋਈ ਬਾਦਸ਼ਾਹ ਨਹੀਂ ਸਗੋਂ ਸਰਬੱਤ ਖਾਲਸਾ ਅਤੇ ਧੁਰ ਕੀ ਬਾਣੀ ਹੈ। ਇਸ ਤਰ੍ਹਾਂ ਇਹ ਥਿਓਕਰੈਟਕ (Theocratic) ਹੋਣ ਦੇ ਨਾਲ ਨਾਲ ਲੋਕਤੰਤਰੀ (Democratic) ਵੀ ਹੈ। ਪ੍ਰੰਤੂ ਲੋਕਤੰਤਰਵਾਦੀ (Democratic) ਇਸ ਸ਼ਬਦ ਦੇ ਆਧੁਨਿਕ ਅਰਥਾਂ ਅਨੁਸਾਰ ਨਹੀਂ, ਇਹ Democratic ਹੁੰਦਾ ਹੋਇਆ Aristocratic ਵੀ ਹੈ। Aristocratic ਇਹਨਾਂ ਅਰਥਾਂ ਵਿੱਚ ਕਿ ਅੰਤਮ ਨਿਰਣੇ ਸਿਧਾਂਤ ਰੂਪ ਵਿੱਚ ਸਰਬੱਤ



Digitized by Panjab Digital Library | www.panjabdigilib.org

ਖਾਲਸੇ ਦੇ ਹੁੰਦੇ ਹੋਏ ਵੀ ਅਮਲ ਵਿੱਚ ਕੁਝ ਕੁ ਸਰੇਸ਼ਟ ਆਗੂਆਂ ਦੇ ਹੁੰਦੇ ਹਨ । ਇਸ ਤਰ੍ਹਾਂ ਸਿੱਖ ਵਿਧਾਨ-ਸਾਜ਼ੀ Theocracy, Democracy ਅਤੇ Aristocracy ਦੇ ਤੱਤਾਂ ਨੂੰ ਪਰਵਾਨ ਕਰਦਿਆਂ ਹੋਇਆਂ ਵੱਖਰੀ ਪਰਕਾਰ ਦਾ ਯੋਗ ਹੈ । ਸਿੱਖ ਵਿਧਾਨ-ਸਾਜ਼ੀ ਮਿਸਲਾਂ ਦੇ ਕਾਲ ਵਿੱਚ ਹੀ ਸਭ ਤੋਂ ਵੱਧ ਸਪੱਸ਼ਟ ਰੂਪ ਵਿੱਚ ਪ੍ਰਗਟ ਹੁੰਦੀ ਹੈ । ਸਿੱਖ ਵਿਧਾਨ-ਸਾਜ਼ੀ ਦੀ ਇਸ ਕਾਲ ਵਿੱਚ ਬਣਤਰ ਜਾਂ ਜਥੇਬੰਦੀ ਨੂੰ ਸਮਝਣ ਦੇ ਯਤਨ ਕਈ ਇਤਿਹਾਸਕਾਰਾਂ ਵੱਲੋਂ ਹੋਏ ਹਨ । ਉਹਨਾਂ ਤੇ ਸਰਸਰੀ ਨਜ਼ਰ ਮਾਰ ਲੈਣਾ ਅਨੁਚਿਤ ਨਹੀਂ ਹੋਵੇਗਾ । ਕਨਿੰਘਮ ਜੇ. ਡੀ. ਇਸ ਨੂੰ 'Theocratic Confedrate Feudalism (ਅਰਥਾਤ ਮਜ਼ਬੀ ਸੰਗਠਤ ਜਾਗੀਰਦਾਰੀ) ਆਖਦਾ ਹੈ ।[3] ਗਾਰਡਨ[4] ਇਸ ਨੂੰ 'An Oligarchy based upon Republican Principles (ਅਰਥਾਤ ਗਣਤੰਤਰ ਦੇ ਸਿਧਾਂਤਾਂ ਤੇ ਆਧਾਰਤ ਕੁਲੀਨਤੰਤਰ) ਆਖਦਾ ਹੈ । ਬੈਨਰਜੀ[5] ਇਸ ਨੂੰ Democratic in Composition and Religious in its cohesive principles) (ਅਰਥਾਤ ਬਣਤਰ ਵਿਚ ਪਰਜਾਤੰਤਰੀ ਅਤੇ ਜੁੜਵੇਂ ਸਿਧਾਂਤਾਂ ਕਰਕੇ ਧਾਰਮਿਕ) ਕਹਿੰਦਾ ਹੈ । ਐਨ. ਕੇ. ਸਿਨਹਾ[6] ਅਨੁਸਾਰ 'In its actual working it was an Aristocracy but in its spirit it was undoubtly a Democracy' (ਅਰਥਾਤ ਅਮਲ ਵਿਚ ਕੁਲੀਨਤੰਤਰ ਪਰ ਵਾਸਤਵ ਵਿਚ ਨਿਰਸੰਦੇਹ ਪਰਜਾਤੰਤਰ) ਹੋਣ ਦੇ ਵਿਚਾਰ ਦਾ ਹਾਮੀ ਹੈ ।

ਅਸਲ ਵਿਚ ਸਿੱਖ ਜਥੇਬੰਦੀ ਨੂੰ ਮਾਪਣ ਦੇ ਇਹ ਸਾਰੇ ਪੱਛਮੀ ਪੈਮਾਨੇ ਅਧੂਰੇ ਹਨ ਅਤੇ ਕੋਈ ਇਸ ਦਾ ਪੂਰਨ ਭਾਂਤ ਅੰਦਾਜ਼ਾ ਨਹੀਂ ਲਗਾ ਸਕਦਾ । ਸਿੱਖ ਜਥੇਬੰਦੀ (Feudalism) ਸ਼ਬਦ ਦੇ ਪੱਛਮੀ ਅਰਥਾਂ ਵਿਚ ਬਿਲਕੁਲ (Feudal) ਜਾਂ ਜਾਗੀਰਦਾਰੀ ਨਹੀਂ । ਪੱਛਮੀ ਜਾਗੀਰਦਾਰੀ ਵਹਿਸ਼ੀਪੁਣੇ ਤੇ ਇਤਫਾਕ ਦੀ ਉਪਜ ਸੀ ਪਰ ਸਿੱਖ ਜਥੇਬੰਦੀ ਤਾਂ ਮਜ਼ਬੂਤ ਭਾਈਚਾਰੇ ਅਤੇ ਅਕਾਲ ਪੁਰਖ ਤੇ ਅਟੱਲ ਵਿਸ਼ਵਾਸ਼ ਦੀ ਨੀਂਹ ਤੇ ਉਸਰੀ ਹੋਈ ਸੀ । ਰਾਜਪੂਤਾਨੇ ਦੀ ਜਾਗੀਰਦਾਰੀ ਦੀ ਤਰ੍ਹਾਂ ਇਸ ਵਿਚ ਘਟੋ ਘੱਟ ਸਿਧਾਂਤਕ ਰੂਪ ਵਿਚ ਪਿਤਾ ਪੁਰਖੀ ਵਿਰਾਸਤ ਦੇ ਹੱਕ ਦੇ ਤੱਤਾਂ ਦੀ ਪੂਰਣ ਤੌਰ ਤੇ ਅਣਹੋਂਦ ਸੀ । ਇਸ ਲਈ ਇਸ ਨੂੰ ਜਾਗੀਰਦਾਰੀ ਨਹੀਂ ਕਿਹਾ ਜਾ ਸਕਦਾ । ਅਸਲ ਵਿਚ ਸਿੱਖ ਜਥੇਬੰਦੀ ਅਕਾਲ ਪੁਰਖ ਅਤੇ ਸਤਿਗੁਰੂ ਤੇ ਅਟੱਲ ਭਰੋਸਾ ਰੱਖਣ ਵਾਲੇ ਉਹਨਾਂ ਲੋਕਾਂ ਦਾ ਸਮੂਹ ਹੈ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਰੂਪ ਵਿਚ ਸੰਗਠਤ ਕਰਕੇ ਅਤੇ ਇਨ੍ਹਾਂ ਦੀ ਅਗਵਾਈ ਲਈ ਗ੍ਰੰਥ ਅਤੇ ਪੰਥ ਨੂੰ ਪੂਰਣ ਪ੍ਰਭੂਸਤਾ ਪ੍ਰਵਾਨ ਕੀਤੀ ।

ਮਿਸਲ ਕਾਲ ਸਮੇਂ ਅਮਲੀ ਰੂਪ ਵਿਚ ਸਾਰੀ ਪ੍ਰਭੂਸਤਾ ਖਾਲਸਾ ਦਲ ਵਿਚ ਸੀ ਭਾਵੇਂ ਸਿਧਾਂਤਕ ਸੋਮਾਂ ਹਮੇਸ਼ਾ ਅਕਾਲ ਪੁਰਖ ਹੀ ਰਿਹਾ ਹੈ । ਇਸ ਤਰ੍ਹਾਂ ਏਥੇ ਅਸੀਂ ਆਪਣੀ ਪਹਿਲੀ ਮਨੌਤ ਹੀ ਦੁਹਰਾਉਂਦੇ ਹਾਂ ਕਿ ਸਿੱਖ ਜਥੇਬੰਦੀ Theocratic, Democratic, Aristocratic ਆਦਿ ਸਾਰੇ ਤੱਤਾਂ ਨੂੰ ਆਪਣੇ ਅੰਦਰ ਰੱਖਦੀ ਹੋਈ ਵੀ ਇਕ ਵਿਲੱਖਣ ਜਥੇਬੰਦੀ ਹੈ । ਜੇ ਕਰ ਸਿੱਖ ਜਥੇਬੰਦੀ ਨੂੰ ਸਿਧਾਂਤਕ ਰੂਪ ਵਿਚ ਇਕ ਨਾਂ ਦੇਣਾ ਹੀ ਹੋਵੇ ਤਾਂ ਇਹ Theo—Centric Damocracy ਭਾਵ ਈਸ਼ਵਰ ਕੇਂਦਰਤ ਲੋਕਤੰਤਰ ਵਾਦ ਹੈ । ਇਬਤ-ਸਨ ਵੀ ਇਸੇ ਵਿਚਾਰ ਨਾਲ ਸਹਿਮਤ ਹੋਇਆ ਲੱਗਦਾ ਹੈ । ਉਸ ਅਨੁਸਾਰ 'The Misl organisation was a curious mixture of Theocracy Democracy and Absolutism (ਅਰਥਾਤ ਮਿਸਲਾਂ ਦੀ ਜਥੇਬੰਦੀ ਮਜ਼ਹਬੀ ਰਾਜ ਪਰਜਾਤੰਤਰ ਅਤੇ ਨਿਰੰਕੁਸ਼ਵਾਦ ਦਾ ਅਨੋਖਾ ਮਿਸ਼ਰਣ ਸੀ ।

ਉਪਰੋਕਤ ਸੰਖੇਪ ਵਿਚਾਰ ਵਿਚ ਅਸੀਂ ਵਿਚਾਰ ਅਧੀਨ ਤਿੰਨ ਪੱਖੀ ਵਰਗੀਕਰਣ ਵਿੱਚੋਂ ਕੇਵਲ ਪਹਿਲੇ

---

3. Cunningham J. D. 'History of the Sikhs' P. 105.
4. As quoted by Sh. Nihranjan Ray in the Book 'The Sikh Gurus and the Sikh Society' P. *162*.
5. A. C. Bannerji (Anglo Sikh Relations). P. 110.
6. N. K. Stnha 'Rise of the Sikh Power' P. 67.
7. Ibbetson : Glcssary of Castes and Tribes Vol. I P. 704.



Digitized by Panjab Digital Library | www.panjabdigilib.org

ਵਰਗ ਨੂੰ ਹੀ ਵਿਸਥਾਰ ਦਿੱਤਾ ਹੈ, ਦੂਜੇ ਦੋਵਾਂ ਨੂੰ ਨਹੀਂ । ਅਸਲ ਵਿਚ ਨਿਆਂਕਾਰੀ ਤੇ ਕਾਰਜਕਾਰੀ ਕਦੇ ਵਿਧਾਨਕਾਰੀ ਤੋਂ ਸੁਤੰਤਰ ਰੂਪ ਵਿਚ ਆਪਣੀ ਹੋਂਦ ਕਾਇਮ ਨਹੀਂ ਰੱਖ ਸਕਦੀਆਂ । ਇਹਨਾਂ ਦੀ ਬਣਤਰ ਤੇ ਫਰਜ਼ ਵਿਧਾਨਕਾਰੀ ਦੀ ਬਣਤਰ ਤੇ ਫਰਜ਼ਾਂ ਦੇ ਵਿਸ਼ਾਲ ਘੇਰੇ ਵਿੱਚ ਹੀ ਸਮਾ ਜਾਂਦੇ ਹਨ । ਗੁਰਮਤਾ ਸੋਧਕ ਜਥੇਬੰਦੀ (ਗੁਰਮਤਾ) ਦੀ ਦੂਜੀਆਂ ਵਿਧਾਨ ਸਾਧਕ ਜਥੇਬੰਦੀਆਂ ਦੇ ਪ੍ਰਸੰਗ ਵਿਚ ਵਿਚਾਰ ਤੋਂ ਬਾਦ ਗੁਰਮਤੇ ਦੀ ਕੇਂਦਰੀ ਸਮੱਸਿਆ ਵੱਲ ਮੁੜਨਾ ਉਚਿੱਤ ਹੈ।

ਗੁਰਮਤਾ ਜਿਵੇਂ ਕਿ ਹੁਣ ਤੱਕ ਅਸੀਂ ਦੇਖਿਆ ਹੈ ਗੁਰਮਤਾ ਸੋਧਕ ਜਥੇਬੰਦੀ ਦਾ ਜਿਸ ਨੂੰ ਸਰਬੱਤ ਖ਼ਾਲਸਾ ਦੇ ਨਾਂ ਨਾਲ ਸੁਸ਼ੋਭਤ ਕੀਤਾ ਗਿਆ ਹੈ ਗੁਰੂ ਦੀ ਹਜ਼ੂਰੀ ਵਿਚ ਸਰਬ ਸੰਮਤੀ ਨਾਲ ਕੀਤਾ ਫੈਸਲਾ ਜਾਂ ਨਿਰਣਾ ਹੈ । ਜਿਥੇ ਦੂਜੇ ਨਿਰਣੇ ਰਾਜਨੀਤਕ ਖੇਤਰ ਨਾਲ ਬਹੁਤ ਸੰਬੰਧਤ ਹੁੰਦੇ ਹਨ ਉਥੇ ਗੁਰਮਤਾ ਮੂਲ ਰੂਪ ਵਿਚ ਧਾਰਮਕ ਹੈ ਜਿਸ ਦੇ ਪਿਛੋਕੜ ਵਿਚ 'ਧਰਮ ਚਲਾਵਨ ਸੰਤ ਉਬਾਰਨ ਅਤੇ 'ਦੁਸ਼ਟ ਸਭਨ ਕੋ ਮੂਲ ਉਪਾਰਨ' ਦੀ ਸਮੁੱਚੀ ਪ੍ਰਕਿਰਿਆ ਕਾਰਜਸ਼ੀਲ ਹੈ ਅਤੇ 'ਰਾਜ ਕਰੇਗਾ ਖਾਲਸਾ' ਦੇ ਸਿਧਾਂਤ ਦੀ ਨਿਰਨੇ ਜਨਕ ਅਟੱਲਤਾ ਤੇ ਇਸ ਦੀ ਫਲੀਭੂਤੀ ਲਈ ਤਤਪਰਤਾ ਦਾ ਸਾਹਸ ਤੇ ਦਲੇਰੀ ਦੋਵੇਂ ਸਰਗਰਮ ਦਿਖਾਈ ਦਿੰਦੇ ਹਨ । ਇਸ ਲਈ ਗੁਰਮਤੇ ਦੇ ਧਾਰਮਿਕ ਸੁਭਾ ਦਾ ਮੂਲ ਕਾਰਨ ਧਰਮ ਆਧਾਰਤ ਗੁਰਮਤਾ ਸੋਧਕ ਸੰਸਥਾ ਹੀ ਨਹੀਂ ਬਲਕਿ ਧਾਰਮਿਕ ਮਨੋਰਥ ਵੀ ਹੈ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਆਪਣੇ ਸੰਸਾਰ ਆਗਮਨ ਦਾ ਉਦੇਸ਼ ਪਵਿੱਤਰ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੈ ਉਹ ਇਸ ਪਰਕਾਰ ਹੈ :—

'ਹਮ ਇਹ ਕਾਜ ਜਗਤ ਮੋਹਿ ਆਏ । ਧਰਮ ਹੇਤ ਗੁਰਦੇਵ ਪਠਾਏ ।'

ਕਿਉਂਕਿ ਗੁਰਮਤਾ ਗੁਰ ਆਸ਼ੇ ਦੀ ਵਿਆਪਕ ਰੂਪ ਵਿਚ ਮਨੋਰਥ ਸਿੱਧੀ ਦਾ ਸਾਧਨ ਸੀ ਸੋ ਸਪਸ਼ਟ ਹੈ ਕਿ ਬਹੁਤ ਗੁਰਮਤਿਆਂ ਦਾ ਮੂਲ ਵਾਸਤਾ ਧਾਰਮਿਕ ਮਨੋਰਥਾਂ ਨਾਲ ਹੀ ਹੁੰਦਾ ਸੀ ਜਿਵੇਂ ਕਿ ਧਰਮ ਪ੍ਰਚਾਰ ਤੇ ਪ੍ਰਸਾਰ ਧਰਮ ਰੱਖਿਆ ਆਦਿ । ਪਰ ਗੁਰਮਤੇ ਦਾ ਕਾਰਜ ਖੇਤਰ ਨਿਰਾ-ਧਾਰਮਿਕ ਨਹੀਂ ਸੀ ਰਾਜਨੀਤਕ ਅਤੇ ਸਮਾਜਕ ਖੇਤਰਾਂ ਵਿਚ ਵੀ ਗੁਰਮਤੇ ਦੀ ਵਰਤੋਂ ਹੁੰਦੀ ਰਹੀ ਹੈ । ਖਾਲਸਾ ਦਲ ਦੇ ਜਥੇਦਾਰ ਦੀ ਚੋਣ ਕਰਨਾ, ਸਮੁੱਚੇ ਪੰਥ ਦੀ ਵਿਦੇਸੀ ਨੀਤੀ ਨਿਰਧਾਰਤ ਕਰਨਾ, ਪੰਥ ਦੇ ਸਾਂਝੇ ਦੁਸ਼ਮਣ ਨਾਲ ਸਿੱਝਣ ਲਈ ਤਜਵੀਜ਼ਾਂ ਪਾਸ ਕਰਨੀਆਂ, ਧਰਮ ਦਾ ਪ੍ਰਚਾਰ ਤੇ ਪਰਸਾਰ ਕਰਨਾ, ਮਿਸਲਾਂ ਦੇ ਜਥੇਦਾਰਾਂ ਦੇ ਆਪਸੀ ਝਗੜਿਆਂ ਦਾ ਨਿਬੇੜਾ ਕਰਨਾ ਅਤੇ ਹੋਰ ਪੰਥਕ ਭਲਾਈ ਦੇ ਕੰਮਾਂ ਦੀਆਂ ਸਕੀਮਾਂ ਤਿਆਰ ਕਰਨੀਆਂ ਆਦਿ ਸਾਰੇ ਕੰਮ ਗੁਰਮਤੇ ਦੇ ਕਾਰਜ ਖੇਤਰ ਅਧੀਨ ਪ੍ਰਵਾਨ ਕੀਤੇ ਗਏ ਹਨ। ਨਵੀਨ ਪੰਥ ਪ੍ਰਕਾਸ਼ ਦੇ ਕਰਤਾ ਨੇ ਗੁਰਮਤੇ ਸੰਬੰਧੀ ਇਉਂ ਵਰਨਣ ਕੀਤਾ ਹੈ :—

ਕਾਮ ਪਰਤ ਥਾ ਜੌ ਕਛੁ ਕਬ ਹੀ ॥ ਕਰਤ ਗੁਰਮਤਾ ਮਿਲ ਕਰ ਸਭ ਹੀ ॥
ਜਥੇਦਾਰ ਜੋ ਕੁਛ ਕਹਿ ਦੇਤਾ ॥ ਸੋਈ ਪੰਥ ਮਾਨ ਸਭ ਲੇਤਾ ॥

(ਭਾਵ ਗੁਰਮਤੇ ਦਾ ਤੱਤ ਸਾਰ ਪਾਸ ਕਰਨ ਉਪਰੰਤ ਜਥੇਦਾਰ ਸੰਗਤਾਂ ਨੂੰ ਸੁਣਾ ਦਿੰਦਾ ਜੋ ਸਮੂਹ ਜ਼ਥੇਬੰਦੀ ਵਲੋਂ ਪ੍ਰਵਾਨ ਕੀਤਾ ਜਾਂਦਾ ਸੀ) । ਇਸ ਤਰ੍ਹਾਂ 'ਜੌ ਕੁਛ ਕਾਮ' ਦਾ ਭਾਵ ਪੰਥਕ ਹਿਤਾਂ ਨਾਲ ਸੰਬੰਧ ਰੱਖਣ ਵਾਲੀ ਹਰ ਕਾਰਵਾਈ ਤੋਂ ਹੈ, ਜੋ ਗੁਰਮਤੇ ਦੇ ਕਾਰਜ ਖੇਤਰ ਵਿਚ ਆ ਜਾਂਦੀ ਹੈ । ਗੁਰਮਤੇ ਦੀ ਪ੍ਰਮੁੱਖਤਾ ਦਾ ਸਮਾਂ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਪਿਛੋ ਤੋਂ ਲੈ ਕੇ ੧੮੦੫ ਈ: ਤੱਕ ਦਾ ਹੈ । ੧੮੦੫ ਈ: ਵਿਚ ਰਣਜੀਤ ਸਿੰਘ ਨੂੰ ਹੋਲਕਰ ਅਤੇ ਅੰਗਰੇਜ਼ਾਂ ਦੇ ਝਗੜੇ ਦੇ ਸੰਬੰਧ ਵਿਚ ਵਿਸ਼ੇਸ਼ ਨੀਤੀ ਧਾਰਨ ਕਰਨ ਦੀ ਸਲਾਹ ਦੇਣ ਲਈ ਇਸ ਪਰਕਾਰ ਦਾ ਆਖਰੀ ਗੁਰਮਤਾ ਕੀਤਾ ਗਿਆ ।ਇਸ ਤੋਂ ਬਾਦ ਰਾਜਨੀਤਕ ਖੇਤਰ ਦੇ ਮਾਮਲਿਆਂ ਵਿਚ ਗੁਰਮਤਾ ਕਰਨ ਦੇ ਅਧਿਕਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਉਤੇ ਲੈ ਲਏ । ਰਾਜਨੀਤਕ ਖੇਤਰ ਨਾਲ ਸਬੰਧਤ ਇਹ ਆਖਰੀ ਗੁਰਮਤਾ ਸੀ । ਇਸ ਤੋਂ ਬਾਦ ਗੁਰਮਤੇ ਦਾ ਖੇਤਰ ਸੰਕੁਚਤ ਹੋ ਗਿਆ । ਅਰਥਾਤ ਧਾਰਮਿਕ ਤੇ ਸਮਾਜਕ ਖੇਤਰ ਹੀ ਇਸ ਦੇ ਅਧੀਨ ਰਹਿ ਗਏ । ਦੂਜੇ ਨਿਆਂ ਵਿਧਾਨ ਦੀ ਸਾਜਨ ਦੀ ਤਰ੍ਹਾਂ ਗੁਰਮਤਾ ਵੀ ਇਕ ਵਿਸ਼ੇਸ਼ ਪ੍ਰਕਿਰਿਆ ਦੁਆਰਾ ਪਾਸ ਕੀਤਾ ਜਾਂਦਾ ਸੀ । ਦਿਵਾਲੀ ਵੈਸਾਖੀ ਦੇ ਤਿਉਹਾਰਾਂ ਤੇ ਖਾਲਸਾ ਦਲ ਜਾਂ ਸਰਬੱਤ ਖਾਲਸੇ ਦੀ ਇਕੱਤਰਤਾ ਹੁੰਦੀ ਸੀ । ਅਜਿਹੀਆਂ ਇਕੱਤਰਤਾਵਾਂ ਸਮੇਂ ਵੱਖਰੀਆਂ ਵੱਖਰੀਆਂ ਮਿਸਲਾਂ ਦੇ ਪ੍ਰਤੀਨਿੰਧ ਆਪਣੇ ਜਥੇਦਾਰ ਦੀ ਅਗਵਾਈ ਵਿਚ ਅਕਾਲ ਤਖਤ ਪੁਜਦੇ ਸਨ । ਉਹ ਮਿਸਲਾਂ ਦੇ ਜਥੇਦਾਰਾਂ ਦੁਆਰਾ ਹਰਿਮੰਦਰ



Digitized by Panjab Digital Library | www.panjabdigilib.org

ਸਾਹਿਬ ਦੇ ਦੁਆਲੇ ਬਣਾਏ ਬੁੰਗਿਆਂ ਵਿਚ ਠਹਿਰਦੇ ਸਨ। ਇਕੱਤ੍ਰਤਾ ਦੇ ਸਮੇਂ ਉਹ ਸਾਰੇ ਅਕਾਲ ਤਖਤ ਦੇ ਸਾਹਮਣੇ ਜੁੜਦੇ ਸਨ, ਵੱਖ ਵੱਖ ਮਿਸਲਾਂ ਦੇ ਸਰਦਾਰ ਆਪਣੇ ਆਪਣੇ ਜਥੇ ਦੇ ਆਗੂਆਂ ਦੇ ਪਿਛੇ ਬੈਠਦੇ ਸਨ ਅਤੇ ਆਪਣੇ ਆਗੂ ਦੇ ਦੁਆਰਾ ਹੀ ਵਿਚਾਰ ਵਟਾਂਦਰੇ ਵਿਚ ਭਾਗ ਲੈਂਦੇ ਸਨ। ਪਿਛੇ ਬੈਠੇ ਮੈਂਬਰਾਂ ਨੂੰ ਜਦ ਕੋਈ ਨਵਾਂ ਵਿਚਾਰ ਜਾਂ ਨੁਕਤਾ ਸੁਝਦਾ ਸੀ ਤਾਂ ਉਹ ਆਪਣੇ ਸਰਦਾਰ ਤੱਕ ਪਹੁੰਚਾ ਦਿੰਦੇ ਸਨ। ਇਸ ਤਰ੍ਹਾਂ ਵੱਧ ਤੋਂ ਵੱਧ ਬਾਰਾਂ ਮੁੱਖੀ ਜਾਂ ਆਗੂ ਹੀ ਬੋਲਦੇ ਸਨ। ਗੁਰਮਤੇ ਇਕਹਿਰੀ ਵੋਟ ਦੁਆਰਾ ਜਾਂ ਬਹੁ ਸੰਮਤੀ ਨਾਲ ਨਹੀਂ ਸਗੋਂ ਸਰਬ ਸੰਮਤੀ ਨਾਲ ਪਾਸ ਕੀਤੇ ਜਾਂਦੇ ਸਨ। ਇਹ ਸਭ ਕੁੱਝ ਦੇ ਹੁੰਦੇ ਹੋਏ ਵੀ ਕਦੇ ਅੜਚਨਾਂ ਨਹੀਂ ਪੈਂਦੀਆਂ ਸਨ ਅਤੇ ਨਾਂ ਹੀ ਵਿਅੱਕਤੀਗਤ ਸਰਦਾਰਾਂ ਦੀ ਜ਼ਿੱਦ ਹੀ ਕਾਰਵਾਈ ਰੋਕਣ ਦਾ ਕਾਰਣ ਬਣਦੀ ਸੀ। ਕਾਰਣ ਇਸ ਦਾ ਇਹ ਸੀ ਕਿ ਫੈਸਲੇ ਗਿਣਤੀ ਦੇ ਮੁਰਦਾ ਵਜ਼ਨ ਨਾਲ ਨਹੀਂ ਬਲਕਿ ਚੁਣੇ ਹੋਏ ਉਹਨਾਂ ਜਥੇਦਾਰਾਂ ਦੀ ਸੰਮਤੀ ਨਾਲ ਹੁੰਦੇ ਸਨ ਜਿਨ੍ਹਾਂ ਤੋਂ ਗੰਭੀਰ ਪੰਥਕ ਸੰਕਟ ਦੇ ਸਮੇਂ ਨਿਸ਼ਕਾਮ ਤੇ ਨਿਸ਼ਕਪਟ ਹੋਣ ਅਤੇ ਤੁੱਛ ਰੁਕਾਵਟਾਂ ਨਾ ਪਾਉਣ ਦੀ ਆਸ ਕੀਤੀ ਜਾਂਦੀ ਸੀ। ਕੋਈ ਗੁਰਮਤਾ ਉਤਨੀ ਦੇਰ ਤੱਕ ਖਾਲਸਾ ਦਲ ਜਾਂ ਸਰਬੱਤ ਖਾਲਸੇ ਦੇ ਅੱਗੇ ਨਹੀਂ ਰੱਖਿਆ ਜਾਂਦਾ ਸੀ ਜਿਤਨੀ ਦੇਰ ਤੱਕ ਕਿ ਹਾਜ਼ਰ ਲੀਡਰਾਂ ਵਲੋਂ ਗੁਰੂ ਸਾਹਮਣੇ ਇਕ ਹੋਣ ਦਾ ਬਚਨ ਨਹੀਂ ਸੀ ਦਿਤਾ ਜਾਂਦਾ। ਜੇ ਕਿਸੇ ਦੇ ਪੁਰਾਣੇ ਹਿਸਾਬ ਕਿਤਾਬ ਨਿਪਟਾਣੇ ਬਾਕੀ ਹੁੰਦੇ ਸਨ ਤਾਂ ਉਹ ਉੱਠ ਕੇ ਬਾਹਰ ਚਲੇ ਜਾਂਦੇ ਅਤੇ ਜਦੋਂ ਨਿਪਟਾਰਾ ਹੋ ਜਾਂਦਾ ਤਾਂ ਅੱਗੇ ਆਕੇ ਐਲਾਨ ਕਰਦੇ ਕਿ ਖਾਲਸਾ ਫਿਰ ਗੁਰੂ ਦੇ ਨਾਂ ਤੇ ਇਕ ਹੈ। ਇਸ ਲਈ ਗੁਰਮਤਾ ਉਹਨਾਂ ਦੇ ਅੱਗੇ ਰੱਖਿਆ ਜਾਣਾ ਚਾਹੀਦਾ ਹੈ। ਫਿਰ ਗੁਰਮਤੇ ਦੇ ਸ਼ਬਦ ਪੜ੍ਹ ਦਿੱਤੇ ਜਾਂਦੇ ਸਨ ਅਤੇ ਪਿਛੋਂ ਉਸ ਤੇ ਵਿਚਾਰ ਹੁੰਦੀ ਸੀ। ਵਿਚਾਰ ਹੋਣ ਉਪਰੰਤ ਜਦੋਂ ਮਤੇ ਨੂੰ ਸਾਰੇ ਪ੍ਰਵਾਨਗੀ ਦੇ ਦਿੰਦੇ ਸਨ ਤਾਂ ਮਤਾ ਫਿਰ ਅਰਦਾਸ ਵਿਚ ਸ਼ਾਮਲ ਕਰਕੇ ਪੜ੍ਹਿਆ ਜਾਂਦਾ ਸੀ। ਇਹ ਮਤੇ ਦੀ ਸਰਵ ਉੱਤਮ ਪ੍ਰਵਾਨਗੀ ਹੁੰਦੀ ਸੀ ਇਸ ਤੋਂ ਬਾਦ ਮਤਾ, ਗੁਰਮਤਾ ਬਣ ਜਾਂਦਾ ਸੀ। ਇਸ ਤਰ੍ਹਾਂ ਗੁਰਮਤੇ ਤੇ ਸਰਬ ਉੱਚ ਪ੍ਰਵਾਨਗੀ ਗੁਰੂ ਦੀ ਹੁੰਦੀ ਸੀ। ਕਿਸੇ ਐਸੀ ਸੂਰਤ ਵਿਚ ਜਿਥੇ ਸੰਕਟ ਦੀ ਗੰਭੀਰਤਾ ਜਾਂ ਕਿਸੇ ਹੋਰ ਕਾਰਨਾਂ ਕਰਕੇ ਪੰਥ ਹਿਤੈਸ਼ੀ ਪ੍ਰਤਿਸ਼ਟ ਪੰਥਕ ਆਗੂਆਂ ਨੂੰ ਸਮੁੱਚੇ ਪੰਥ ਦੀ ਅਦਮ ਮੌਜੂਦਗੀ ਵਿਚ ਗੁਰਮਤਾ ਸੋਧਣਾ ਪੈ ਵੀ ਜਾਵੇ ਤਾਂ ਉਥੇ ਵੀ quorum ਘੱਟੋ ਘੱਟ ਪੰਜ ਸਿੰਘਾਂ ਦਾ ਜ਼ਰੂਰੀ ਹੋਣਾ ਚਾਹੀਦਾ ਹੈ। ਇਸ ਪ੍ਰਥਾਇ ਭਾਈ ਦਯਾ ਸਿੰਘ ਜੀ ਦੇ ਰਹਿਤਨਾਮੇ ਵਿਚ ਹਦਾਇਤ ਹੈ "ਪਾਂਚ ਸਿੰਘ ਮਿਲ ਕਰ ਰਹਤ ਬਿਬੇਕ ਕਾ ਗੁਰਮਤਾ ਕਰੇਂ।" ਪੰਜ ਤੋਂ ਘੱਟ ਸਿੰਘਾਂ ਦਾ ਫੈਸਲਾ ਗੁਰਮਤਾ ਨਹੀਂ ਮੰਨਿਆ ਜਾ ਸਕਦਾ।

ਗੁਰਮਤਾ ਸੋਧਣ ਦੀ ਇਸ ਸਮੁੱਚੀ ਪ੍ਰਕ੍ਰਿਆ ਵਿਚ ਸਥਾਨਾਂ ਦੀ ਪਵਿੱਤਰਤਾ ਦਾ ਵੀ ਵਿਸ਼ੇਸ਼ ਮਹੱਤਵ ਸੀ। ਆਮ ਤੌਰ ਤੇ ਪੰਥਕ ਹਿੱਤਾਂ ਵਾਲੇ ਸਾਰੇ ਮਤੇ ਤਖਤਾਂ ਤੇ ਹੀ ਹੋਇਆ ਕਰਦੇ ਸਨ। ਅਕਾਲ ਤਖਤ ਸਾਹਿਬ ਤੋਂ ਬਿਨਾ ਤਖਤ ਪਟਨਾ ਸਾਹਿਬ, ਤਖਤ ਦਮਦਮਾ, ਨਾਦੇੜ ਸਾਹਿਬ ਅਤੇ ਸ੍ਰੀ ਕੇਸਗੜ੍ਹ ਸਾਹਿਬ ਆਦਿ ਨੂੰ ਵੀ ਤਖਤ ਹੋਣ ਦਾ ਦਰਜਾ ਪ੍ਰਾਪਤ ਹੈ ਸੀ। ਪਰ ਰਾਜਨੀਤਕ ਫੈਸਲਿਆਂ ਬਾਰੇ ਗੁਰਮਤੇ ਆਮ ਤੌਰ ਤੇ ਅਕਾਲ ਤਖਤ ਸਾਹਿਬ ਤੇ ਹੀ ਕੀਤੇ ਜਾਂਦੇ ਰਹੇ ਹਨ ਜਦੋਂ ਕਿ ਧਾਰਮਿਕ ਰਸਮਾਂ ਰੀਤਾਂ ਦੀ ਸੋਧ ਸੁਧਾਈ ਬਾਰੇ ਗੁਰਮਤੇ ਦੂਜੇ ਤਖਤਾਂ ਤੇ ਵੀ ਕਰਨ ਦੇ ਲੇਖ ਮਿਲਦੇ ਹਨ। ਇਸ ਤਰ੍ਹਾਂ ਸਮੁੱਚਾ ਸਿੱਖ ਪੰਥ ਦੇਸ਼ ਵਿਆਪੀ ਇਹਨਾਂ ਧਾਰਮਿਕ ਕੇਂਦਰਾਂ ਅਧੀਨ ਇਕ ਸੰਗਠਿਤ ਇਕਾਈ ਸੀ। ਗੁਰੂ ਦੀ ਪ੍ਰਧਾਨਗੀ ਹੇਠ ਸਰਬ ਸੰਮਤੀ ਨਾਲ ਪ੍ਰਵਾਨ ਕੀਤੇ ਅਜੇਹੇ ਗੁਰਮਤਿਆਂ ਨੂੰ ਲਾਗੂ ਕਰਵਾਉਣ ਲਈ ਗੁਰਮਤਾ ਸੰਸਥਾ ਕੋਲ ਕੋਈ ਵਿਸ਼ੇਸ਼ ਦੰਡ ਪ੍ਰਨਾਲੀ ਜਾਂ ਦੰਡ ਅਧਿਕਾਰੀ ਨਹੀਂ ਹੁੰਦਾ ਸੀ। ਫਿਰ ਵੀ ਕਦੇ ਕੋਈ ਟਾਂਵਾਂ ਹੀ ਅਜਿਹਾ ਮੌਕਾ ਵੇਖਣ ਵਿਚ ਆਇਆ ਹੈ ਜਦੋਂ ਕਿ ਗੁਰਮਤੇ ਨੂੰ ਤੋੜਿਆ ਜਾਂ ਭੰਗ ਕੀਤਾ ਗਿਆ ਹੋਵੇ। ਅਸਲ ਵਿਚ ਗੁਰਮਤੇ ਪਿਛੇ ਇਹਨਾਂ ਦੁਨਿਆਵੀ ਦੰਡ ਵਿਧਾਨਾਂ ਅਤੇ ਦੰਡ ਅਧਿਕਾਰੀਆਂ ਦੀ ਤਾਕਤ ਤੋਂ ਬਹੁਤ ਵੱਡੀ ਤਾਕਤ ਸੀ।

ਵੱਡੀ ਤਾਕਤ ਸੀ ਗੁਰਮਤੇ ਤੇ ਸਰਬੱਤ ਖਾਲਸੇ ਅਤੇ ਗੁਰੂ ਦੀ ਪ੍ਰਵਾਨਗੀ। ਗੁਰਮਤੇ ਨੂੰ ਲਾਗੂ ਕਰਵਾਉਣ ਲਈ ਇਸ ਤਰ੍ਹਾਂ ਗੁਰਮਤੇ ਦੇ ਪਿਛੇ ਸ਼ਕਤੀ ਸਰੀਰਕ ਬਲ ਜਾਂ ਸਰੀਰਕ ਸਜ਼ਾ ਦਾ ਭੈ ਨਹੀਂ ਬਲਕਿ ਧਾਰਮਿਕ ਅਤੇ ਨੈਤਿਕ ਸ਼ਕਤੀ ਹੁੰਦੀ ਸੀ। ਹਰ ਇਕ ਸਰਦਾਰ ਗੁਰੂ ਪਿਆਰ ਅਤੇ ਸਰਬੱਤ ਖਾਲਸੇ ਦੀ ਰਜ਼ਾ ਮੁਤਾਬਕ ਚਲਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦਾ ਸੀ ਪਰ ਇਸ ਨੂੰ ਤੋੜਨ ਜਾਂ ਭੰਗ ਕਰਨ ਦਾ ਖਿਆਲ ਕਦੇ ਮਨ ਵਿਚ ਨਹੀਂ



Digitized by Panjab Digital Library | www.panjabdigilib.org

ਸੀ ਲਿਆਉਂਦਾ। ਇਸ ਤਰ੍ਹਾਂ ਗੁਰਮਤਾ ਸਿੱਖ ਪੰਥ ਅਤੇ ਸਿੱਖ ਸਰਦਾਰਾਂ ਲਈ ਲੋਕ ਪ੍ਰਲੋਕ ਦੇ ਦੋਵੇਂ ਅਰਧਚੱਕਰਾਂ ਦੀਆਂ ਸਰਬ ਉੱਚ ਸ਼ਕਤੀਆਂ ਦੀ ਪ੍ਰਵਾਨਗੀ ਪ੍ਰਾਪਤ ਮਾਰਗ ਨਿਰਦੇਸ਼ਕ ਬਣਿਆ ਰਿਹਾ।

੧੮੦੫ ਈ: ਤੋਂ ਬਾਦ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਰਾਜਨੀਤਕ ਗੁਰਮਤਿਆਂ ਦਾ ਅਧਿਕਾਰ ਆਪਣੇ ਹੱਥ ਵਿਚ ਲੈ ਲਿਆ ਤਾਂ ਗੁਰਮਤਾ ਪ੍ਰਨਾਲੀ ਨੂੰ ਸਮੁੱਚੇ ਤੌਰ ਤੇ ਬੜਾ ਧੱਕਾ ਲੱਗਾ। ਇਕ ਤਰ੍ਹਾਂ ਨਾਲ ਇਹ ਗੁਰਮਤੇ ਦੀ (ਸੰਸਥਾ) ਦੀ ਬੁਨਿਆਦੀ ਬਣਤਰ (Basic structure) ਦਾ ਨਿਖੇੜਾ ਸੀ। ਅਜੇਹਾ ਕਰਨ ਨਾਲ ਸਿੱਖ ਆਗੂਆਂ ਜਾਂ ਸਰਦਾਰਾਂ ਦੀ ਗੁਰਮਤੇ ਵਿਚ ਉਹ ਖਿੱਚ ਨਾ ਰਹੀ ਅਤੇ ਧਾਰਮਕ ਅਤੇ ਸਮਾਜਕ ਮਾਮਲਿਆਂ ਬਾਰੇ ਗੁਰਮਤਾ ਕਰਨ ਦੇ ਅਧਿਕਾਰ ਕਈ ਵਾਰੀ ਕੁਝ ਅਨਪੜ੍ਹ ਹੱਠੀ, ਗ਼ੈਰ ਜ਼ਿਮੇਵਾਰ ਗੁਰਦੁਵਾਰਿਆਂ ਦੇ ਪੁਜਾਰੀਆਂ ਦੇ ਹੱਥ ਵਿਚ ਚਲੇ ਗਏ ਜਿਨ੍ਹਾਂ ਨੇ ਇਸ ਨੂੰ ਸਾਰੀਆਂ ਮਾਨਤਾਂਵਾਂ ਤੋਂ ਬਾਂਝ ਬਣਾ ਦਿੱਤਾ।

ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੀ ਪੁਸਤਕ (Sikhism its ideals and Institutions) ਵਿਚ ਮਹਾਰਾਜਾ ਰਣਜੀਤ ਸਿੰਘ ਦੇ ਇਸ ਕਾਰਜ ਨੂੰ ਉਚਿੱਤ ਲਿਖਿਆ ਹੈ ਅਤੇ ਇਸ ਵਿਚ ਸਿੱਖ ਮੱਤ ਦੇ ਨਿਰਪੱਖ ਸੇਵਾ ਦੇ ਆਦਰਸ਼ ਦੀ ਪੂਰਤੀ ਹੁੰਦੀ ਦੱਸੀ ਹੈ। ਪਰ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਅਜਿਹੇ ਕਾਰਜ ਦੀ ਸ਼ਲਾਘਾ ਨਹੀਂ ਕਰ ਸਕਦੇ। ਸਾਡੇ ਵਿਚਾਰ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦਾ ਇਹ ਕਦਮ ਥੋਹੜ-ਚਿਰੀ ਰਾਜਨੀਤਕ ਸਤਹ ਕਾਇਮ ਰੱਖਣ ਲਈ, ਸਦੀਵੀ ਮਹੱਤਵ ਵਾਲੇ ਧਾਰਮਕ ਪ੍ਰੇਰਨਾ ਸੋਮੇਂ ਵਲੋਂ ਮੂੰਹ ਮੋੜਨਾ ਸੀ। ਵਿਦਵਾਨ ਅਤੇ ਸਤਿਕਾਰ ਯੋਗ ਪ੍ਰਿੰਸੀਪਲ ਤੇਜਾ ਸਿੰਘ ਜੀ ਤੋਂ ਵੀ ਪੁਛਿਆ ਜਾ ਸਕਦਾ ਹੈ ਕਿ ਕੀ ਨਿਰਪੱਖ ਸੇਵਾ ਦਾ ਆਦਰਸ਼ ਧਾਰਮਿਕ ਪ੍ਰੇਰਨਾ ਸੋਮੇਂ ਤੋਂ ਮੂੰਹ ਭੁਆ ਕੇ ਹੀ ਪੂਰਣ ਕੀਤਾ ਜਾ ਸਕਦਾ ਹੈ ? ਕੀ ਗੁਰੂ ਸਾਹਿਬਾਨਾਂ ਨੇ ਨਿਰਪੱਖ ਸੇਵਾ ਕਰਦਿਆਂ ਧਰਮ ਵੱਲ ਪਿੱਠ ਕੀਤਾ ਸੀ ? ਕੀ ਪ੍ਰਿੰਸੀਪਲ ਸਾਹਿਬ ਇਹ ਕਹਿ ਸਕਦੇ ਸਨ ਕਿ ਸਿੱਖ ਧਰਮ ਅਜਿਹਾ ਧਰਮ ਹੈ ਜਿਥੇ ਧਰਮ ਦੇ ਪ੍ਰੇਰਨਾ ਸੋਮੇਂ ਨਾਲ ਜੁੜੇ ਰਹਿੰਦਿਆਂ ਨਿਰਪੱਖ ਸੇਵਾ ਨਹੀਂ ਕੀਤੀ ਜਾ ਸਕਦੀ ? ਅਸੀਂ ਇਥੇ ਇਹ ਕਹੇ ਬਿਨਾ ਨਹੀਂ ਰਹਿ ਸਕਦੇ ਕਿ ਮਹਾਰਾਜਾ ਰਣਜੀਤ ਸਿੰਘ ਦਾ ਗੁਰਮਤਾ ਸੰਸਥਾ ਤੋਂ ਰਾਜਨੀਤਕ, ਗੁਰਮਤਿਆਂ ਦੀ ਸ਼ਕਤੀ ਵੱਖ ਕਰਨਾ ਸਰਬੱਤ ਖਾਲਸੇ ਤੇ ਲੋਕਤੰਤਰੀ ਨਿਯਮਾਂ ਰਾਹੀਂ ਵਿਧਾਨ ਤੇ ਮਾਰੂ ਚੋਟ ਸੀ ਅਤੇ ਇਹ ਸਿੱਖ ਵਿਧਾਨ-ਸਾਜ਼ੀ ਦੇ ਰੱਬ-ਕੇਂਦਰਤ ਪ੍ਰਜਾ ਤੰਤਰੀ ਸਰੂਪ ਤੇ ਹਮਲਾ ਸੀ। ਅੱਜ ਦੇ ਸਮਾਜ ਵਿਚ ਸਿੱਖ ਕੌਮ ਦੇ ਦੁਖਾਂਤ ਦਾ ਸ਼ਾਇਦ ਇਹ ਹੀ ਮੂਲ ਕਾਰਨ ਸੀ ਜਿਸ ਵਿਚ ਕਿ ਸਿੱਖਾਂ ਨੂੰ ਇਸ ਦੇ ਸਦੀਵੀ ਪ੍ਰੇਰਨਾ ਸੋਮੇਂ ਤੋਂ ਨਖੇੜਿਆ ਗਿਆ ਸੀ। ਲੋੜ ਹੈ ਸਰਬੱਤ ਖਾਲਸੇ ਦੀ ਉਸੇ ਪੁਰਾਣੀ ਗੁਰਮਤਾ ਪ੍ਰਨਾਲੀ ਨੂੰ ਉਸ ਦੇ ਪੂਰਨ ਰੂਪ ਵਿਚ ਸੁਰਜੀਤ ਕਰਨ ਦੀ। ਮੁੜ ਆਪਣਾ ਮੂਲ ਪਛਾਨਣ ਦੀ ਅਤੇ ਇਸ ਨਖੇੜੇ ਦੀ ਬੁਨਿਆਦੀ ਭੁੱਲ ਹੀ ਕਾਰਨ ਹੈ ਕਿ ਅੱਜ ਕੱਲ ਵੀ ਕਈ ਤਾਲੋਂ ਘੁਥੇ ਅਖੌਤੀ ਸਿੱਖ ਆਲ ਪਤਾਲ ਬੋਲ ਰਹੇ ਹਨ ਅਤੇ ਧਰਮ ਨਿਰਪੇਖ ਸਿੱਖ ਰਾਜਨੀਤੀ ਦੀਆਂ ਗੱਲਾਂ ਕਰਦੇ ਹਨ।

**ਮਹੱਤਤਾ** :—ਉਪਰ ਅਸੀਂ ਗੁਰਮਤਾ, ਗੁਰਮਤਾ (ਸੰਸਥਾ) ਦੇ ਅਰਥ, ਗੁਰਮਤਾ ਸੋਧਕ ਸੰਸਥਾ ਦਾ ਸਰੂਪ, ਗੁਰਮਤਾ ਸੰਬੋਧ, ਗੁਰਮਤਾ ਕਾਰਜ ਖੇਤਰ, ਗੁਰਮਤਾ ਸੋਧ ਪ੍ਰਨਾਲੀ ਸਥਾਨ ਅਤੇ ਇਸ ਦੇ ਬੁਨਿਆਦੀ ਬਣਤਰ ਵਿਧਾਨ ਆਦਿਕ ਪੱਖਾਂ ਦੀ ਕੁਝ ਕੁ ਚਰਚਾ ਕੀਤੀ ਹੈ। ਇਸ ਤੋਂ ਬਾਦ ਗੁਰਮਤੇ ਦੀ ਮਹੱਤਤਾ ਬਾਰੇ ਕੁਝ ਕਹਿਣਾ ਯੋਗ ਹੋਵੇਗਾ। ਗੁਰਮਤਾ ਜਿਵੇਂ ਕਿ ਅਸੀਂ ਉਤੇ ਦੇਖਿਆ ਹੈ ਇਕ ਨਿਰਣਾ ਜਾਂ ਨਿਸਚੈ ਹੈ। ਪਰ ਇਹ ਨਿਰਪੱਖ ਨਿਰਣਿਆਂ ਤੋਂ ਵੱਖਰਾ ਧਾਰਮਿਕ ਨਿਰਣਾ ਹੈ। ਜਿਸ ਦਾ ਕਾਰਜ ਖੇਤਰ ਧਾਰਮਿਕ ਹੋਣ ਦੇ ਨਾਲ ਨਾਲ ਸਮਾਜਕ ਤੇ ਰਾਜਨੀਤਕ ਵੀ ਹੈ। ਪਰ ਅੰਤਮ ਪ੍ਰਵਾਨਗੀ ਪਿਛੇ ਧਰਮ ਦੀ ਹੀ ਹੈ। ਧਰਮ ਆਧਾਰਤ ਨਿਰਣੇ, ਨਿਰਪੱਖ ਨਿਰਣਿਆਂ ਤੋਂ ਵਧੀਕ ਅਮਲੀ ਬਿਰਤੀ ਵਾਲੇ ਹੁੰਦੇ ਹਨ। ਅਜੇਹੇ ਫੈਸਲੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜੇ ਹੁੰਦੇ ਹਨ ਜੋ ਕਿ ਬਹੁਤ ਪ੍ਰਬਲ ਤੇ ਤੀਬਰ ਹੁੰਦੀਆਂ ਹਨ। ਇਸ ਤਰ੍ਹਾਂ ਧਾਰਮਿਕ ਪ੍ਰਵਾਨਗੀ ਪ੍ਰਾਪਤ ਨਿਰਣੈ ਕੇਵਲ ਸਿਧਾਂਤਕ ਨਿਰਣੇ ਬਣਕੇ ਹੀ ਨਹੀਂ ਰਹਿੰਦੇ ਸਗੋਂ ਅਮਲੀ ਖੇਤਰ ਵਿਚ ਬਹੁਤ ਵੱਡੀ ਮਾਤਰਾ ਤੱਕ ਲਾਗੂ ਵੀ ਹੁੰਦੇ ਹਨ। ਕਈ

---

Teja Singh 'Sikhism its ideals and Institutions' P, P. 44—45

ਪ੍ਰਿੰ. ਤੇਜਾ ਸਿੰਘ ਜੀ ਨੇ ਗੁਰਮਤੇ ਦੀ ਬਹਾਲੀ ਲਈ ਅਕਾਲੀ ਲਹਿਰ ਸਮੇਂ ਵਿਸ਼ੇਸ਼ ਲੇਖ ਲਿਖ ਕੇ ਜ਼ੋਰ ਪਾਇਆ ਸੀ। ਅਤੇ ਪੰਥਕ ਮਸਲੇ ਦਾ ਹੱਲ ਤੇ ਸ਼ਕਤੀ ਦਾ ਸਾਧਨ 'ਗੁਰਮਤੇ ਅਧੀਨ ਪੰਥ ਦੇ ਚਲਣ' ਦੀ ਸਿਧਾਂਤਕ ਪ੍ਰੇਰਨਾ ਦਿੰਦੇ ਹੋਏ ਲਿਖਿਆ ਸੀ, ਮਹਾਰਾਜਾ ਰਣਜੀਤ ਸਿੰਘ ਨੇ ਅਕਾਲ ਤਖਤ ਦੀ ਸ਼ਕਤੀ ਆਪਣੇ ਹੱਥ ਵਿਚ ਲੈ ਲਈ, ਰਾਜਨੀਤਕ ਗੁਰਮਤੇ ਦੀ ਤਾਕਤ ਖਤਮ ਕਰ ਕੇ ਕੇਵਲ ਧਾਰਮਿਕ ਹੋਂਦ ਹੀ ਰਹਿਣ ਦਿਤੀ ਸੀ, ਪੂਰਾ ਲੇਖ 'ਸਿੰਘ ਸਭਾ ਪੱਤ੍ਰਕਾ' ਜਨਵਰੀ ੧੯੭੫ ਵਿਚ ਹੈ। [ਸੰਪਾਦਕ



Digitized by Panjab Digital Library | www.panjabdigilib.org

ਬਾਰ ਧਰਮ ਆਧਾਰਤ ਅਜਿਹੇ ਨਿਰਣਿਆਂ ਵਿਚ ਇਕ ਦੋ ਬਹੁਤ ਮਾਰੂ ਦੋਸ਼ ਵੀ ਦੇਖਣ ਵਿਚ ਆਏ ਹਨ । ਇਕ ਪੁਰਖੀ ਰਾਜ ਜਾਂ ਰਾਜਾਸ਼ਾਹੀ ਵਿਚ ਧਾਰਮਿਕ ਪ੍ਰਵਾਨਗੀ ਵਾਲੇ ਨਿਰਣੇ ਧਰਮ ਦੇ ਨਾਂ ਤੇ ਕਈ ਵਾਰ ਇਕ ਆਦਮੀ ਦੀ ਨਿੱਜੀ ਇੱਛਾ ਦਾ ਜਨਤਾ ਤੇ ਠੋਸਿਆ ਜਾਣਾ ਸਿੱਧ ਹੁੰਦੇ ਹਨ । ਇਸ ਦਾ ਦੂਜਾ ਮੁੱਖ ਦੋਸ਼ ਇਹ ਹੁੰਦਾ ਹੈ ਕਿ ਧਾਰਮਿਕ ਪ੍ਰਵਾਨਗੀ ਵਾਲੇ ਨਿਰਣੇ ਗੈਰ ਧਰਮੀ ਪ੍ਰਜਾ ਲਈ ਬਹੁਤੇ ਪ੍ਰਵਾਨਤ ਨਹੀਂ ਹੁੰਦੇ । ਪਰ ਗੁਰਮਤੇ ਇਹਨਾਂ ਦੋਵਾਂ ਦੋਸ਼ਾਂ ਤੋਂ ਪੂਰਨ ਭਾਂਤ ਮੁਕਤ ਸਨ । ਪਹਿਲਾਂ ਤਾਂ ਸਿੱਖੀ ਵਿਚ ਇਕ ਪੁਰਖੀ ਸੰਸਥਾ ਲਈ ਕੋਈ ਵਿਸ਼ੇਸ਼ ਸਥਾਨ ਨਹੀਂ । ਦੂਜੇ ਗੁਰਮਤਿਆਂ ਦੇ ਇਤਿਹਾਸ ਤੋਂ ਸਪਸ਼ਟ ਹੈ ਕਿ ਇਹ ਕਦੇ ਵੀ ਅਲਪ ਸੰਖਿਆ ਗੈਰ ਧਰਮੀ ਲੋਕਾਂ ਦੇ ਹਿੱਤਾਂ ਵਿਰੋਧੀ ਨਹੀਂ ਸਨ। ਦੁਨੀਆਂ ਵਿਚ ਵਰਤਮਾਨ ਅਨੇਕ ਧਰਮਾਂ ਵਿਚੋਂ ਕੇਵਲ ਸਿੱਖ ਧਰਮ ਹੀ ਇਕ ਵਿਸ਼ੇਸ਼ ਉਦਾਹਰਣ ਹੈ ਜਿਸ ਵਿਚ ਇਸ ਦੇ ਧਰਮ ਸਿਧਾਂਤ ਰਦੇ ਕਿਸੇ ਤੇ ਸ਼ਕਤੀ ਦੇ ਸਹਾਰੇ ਠੋਸੇ ਨਹੀਂ ਗਏ । ਜੇਕਰ ਇਸ ਦਾ ਪ੍ਰਚਾਰ ਤੇ ਪ੍ਰਸਾਰ ਹੋਇਆ ਹੈ ਤਾਂ ਦੱਬੇ ਦਲਿਤ ਲੋਕਾਂ ਦੀ ਬਾਂਹ ਫੜਨ ਕਰਕੇ ਅਤੇ ਗਰੀਬ ਗੁਰਬਿਆਂ ਦੇ ਹਿਤਾਂ ਹੱਕਾਂ ਲਈ ਕੁਰਬਾਨੀ ਕਰਨ ਕਰਕੇ ਹੋਇਆ ਹੈ ।

ਜਿਵੇਂ ਕਿ ਅਸੀਂ ਗੁਰਮਤਾ ਸੋਧਕ ਸੰਸਥਾ ਦੇ ਸਰੂਪ ਬਾਰੇ ਵਿਚਾਰ ਕਰਦਿਆਂ ਦੇਖਿਆ ਸੀ ਕਿ ਇਸ ਦਾ ਸਰੂਪ ਸਿਧਾਂਤਕ ਰੂਪ ਵਿਚ ਪੂਰਨ (Democratic) ਜਾਂ ਪ੍ਰਜਾਤੰਤਰੀ ਹੈ । ਪ੍ਰਜਾਤੰਤਰੀ ਹੋਣ ਦੇ ਨਾਲ ਨਾਲ ਅਮਲ ਵਿਚ ਅੰਸ਼ਿਕ ਕੁਲੀਨ ਤੰਤਰੀ ਜਾਂ (Aristocratic) ਵੀ ਹੈ । ਗੁਰਮਤੇ ਵਿਚ ਆਮ ਜਨਤਾ ਨੂੰ ਪੂਰਨ ਭਾਂਤ ਤਿਆਗਿਆ ਨਹੀਂ ਸੀ ਗਿਆ । ਆਪਣੇ ਸਮੂਹ ਦੇ ਜਥੇਦਾਰ ਦੁਆਰਾ ਹਰ ਇਕ ਸਿੱਖ ਨਿਰਣੇ ਨੂੰ ਪ੍ਰਭਾਵਤ ਕਰਨ ਦਾ ਅਧਿਕਾਰੀ ਸੀ । ਇਸ ਤਰ੍ਹਾਂ ਗੁਰਮਤੇ ਵਿਚ ਖਾਲਸਾ ਭਾਈਚਾਰੇ ਦੀ ਬਰਾਬਰੀ ਦਾ ਤੱਤ, ਸਿਧਾਂਤ ਤੇ ਅਮਲ ਵਿਚ ਪੂਰਨ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ ।

ਗੁਰਮਤੇ ਕਿਉਂਕਿ ਸਰਬੱਤ ਖਾਲਸੇ ਦੁਆਰਾ ਗੁਰੂ ਦੀ ਪ੍ਰਵਾਨਗੀ ਨਾਲ ਪਾਸ ਕੀਤੇ ਜਾਂਦੇ ਸਨ ਇਸ ਲਈ ਸਮਾਜ ਦੇ ਕਿਸੇ ਵਰਗ ਨੂੰ ਅਪਰਵਾਨ ਨਹੀਂ ਹੋ ਸਕਦੇ ਸਨ ਅਤੇ ਕਿਸੇ ਨੂੰ ਵੀ ਇਸ ਦੇ ਖ਼ਿਲਾਫ਼ ਰੋਸ ਨਹੀਂ ਸੀ ਹੋ ਸਕਦਾ । ਅਰਥਾਤ ਇਹ ਸਰਵ ਪ੍ਰਵਾਣਤ ਹੁੰਦੇ ਸਨ । ਇਸ ਤਰ੍ਹਾਂ ਗੁਰਮਤਾ ਏਕਤਾ ਘਾਤਕ ਹੋਣ ਦੀ ਥਾਂ ਏਕਤਾ ਦ੍ਰਿੜਾਉਣ ਵਾਲਾ ਨਿਰਣਾ ਹੁੰਦਾ ਸੀ । ਗੁਰਮਤਿਆਂ ਦੇ ਪਾਸ ਕਰਨ ਸਮੇਂ ਜਿਵੇਂ ਕਿ ਅਸੀਂ ਉਪਰ ਦੇਖਿਆ ਹੈ ਪਹਿਲੀ ਸ਼ਰਤ ਇਹ ਹੁੰਦੀ ਸੀ ਕਿ ਸਰਬੱਤ ਖਾਲਸਾ ਗੁਰਮਤਾ ਪਾਸ ਕਰਨ ਤੋਂ ਪਹਿਲਾਂ ਇਕ ਹੋਣ ਦਾ ਪ੍ਰਣ ਦੇਵੇ । ਦੁਨੀਆਂ ਦੇ ਇਤਿਹਾਸ ਵਿਚ ਗੁਰਮਤੇ ਦੀ ਇਹ ਪ੍ਰਥਾ ਇਕ ਅਨੋਖੀ ਪ੍ਰਥਾ ਹੈ ਜਿਸ ਵਿਚ ਕਿ ਕੋਈ ਨਿਰਣਾ ਕਰਨ ਤੋਂ ਪਹਿਲਾਂ ਸਾਰਿਆਂ ਦੇ ਇਕ ਹੋਣ ਦਾ ਪ੍ਰਣ ਲਿਆ ਜਾਂਦਾ ਹੋਵੇ । ਇਸ ਤਰ੍ਹਾਂ ਗੁਰਮਤਾ ਏਕਤਾ ਦਾ ਪ੍ਰਸਾਰ ਕਰਨ ਦਾ ਮਜਬੂਤ ਸਾਧਨ ਸੀ । ਹਾਲ ਹੀ ਦੇ ਸਮੇਂ ਵਿਚ ਹੋਇਆ ਧਾਰਮਿਕ ਗੁਰਮਤਾ ਇਸ ਸਿਧਾਂਤ ਦੀ ਜਿਉਂਦੀ ਅਮਲੀ ਉਦਾਹਰਣ ਹੈ ।

ਗੁਰਮਤੇ ਜਿਹੀ ਨਿਆਂ ਪ੍ਣਾਲੀ ਵਿਚ ਸੁਵਾਰਥੀ ਲੋਕਾਂ ਦੇ ਦਾਅ ਚਲਣ ਦੀ ਵਿਸੇਸ਼ ਸੰਭਾਵਨਾ ਨਹੀਂ ਸੀ ਹੁੰਦੀ। ਉਹ ਗੁਰਮਤੇ ਹੀ ਪੇਸ਼ ਤੇ ਪਾਸ ਹੋ ਸਕਦੇ ਸਨ ਜਿਨ੍ਹਾਂ ਦਾ ਬਹੁਤਾ ਸੰਬੰਧ ਲੋਕ ਕਲਿਆਣ ਅਤੇ ਪੰਥਕ ਭਲਾਈ ਨਾਲ ਹੁੰਦਾ ਸੀ ! ਇਸ ਤਰ੍ਹਾਂ ਗੁਰਮਤੇ ਪ੍ਰਧਾਨ ਰੂਪ ਵਿਚ ਲੋਕ ਪੱਖੀ ਹੁੰਦੇ ਸਨ ।

ਰਾਜਨੀਤਕ ਖੇਤਰ ਵਿਚ ਗੁਰਮਤੇ ਦੇ ਮਹੱਤਵ ਬਾਰੇ ਬਹੁਤਾ ਵਿਸਥਾਰ ਨਾਲ ਕਹਿਣ ਦੀ ਲੋੜ ਹੀ ਨਹੀਂ ਜਾਪਦੀ । ਗੁਰਮਤਾ ਪ੍ਰਥਾ ਦੁਆਰਾ ਪ੍ਰਵਾਣਤ ਨਿਰਨਿਆਂ ਦੇ ਰੁੱਖਾਂ ਨੂੰ ਸਿੱਖਾਂ ਨੇ ਜਿਸ ਤਰਾਂ ਆਪਣੇ ਖ਼ੂਨ ਦੇ ਦਰਿਆਵਾਂ ਦੁਆਰਾ ਪਾਲਿਆ ਉਹ ਕਿਸੇ ਤੋਂ ਲੁਕੇ ਛਿਪੇ ਨਹੀਂ ਹਨ । ਜੇਕਰ ਇਹ ਕਿਹਾ ਜਾਵੇ ਕਿ ਸਿੱਖ ਰਾਜਨੀਤਕ ਸੱਤਾ ਦੀ ਸਥਾਪਤੀ ਵਿਚ ਗੁਰਮਤੇ ਨੇ ਨੀਂਹ ਪੱਥਰ ਦਾ ਰੋਲ ਅਦਾ ਕੀਤਾ ਤੇ ਅੱਗੇ ਨੂੰ ਕਰ ਸਕਦਾ ਹੈ ਤਾਂ ਗਲਤ ਨਹੀਂ ਹੋਵੇਗਾ । ਘਲੂਘਾਰਿਆਂ ਤੇ ਅਤਿਆਚਾਰਾਂ ਦੇ ਕਾਲੇ ਕਾਲਾਂ ਵਿਚ ਸਿੱਖ ਕੌਮ ਦਾ ਇਕ ਰਾਜਨੀਤਕ ਤਾਕਤ ਦੇ ਤੌਰ ਤੇ ਵਿਲੱਖਣ ਕੌਮ ਬਣੇ ਰਹਿਣ ਵਿਚ ਗੁਰਮਤੇ ਦਾ ਰੋਲ ਮਹਾਨ ਹੈ ।

ਧਾਰਮਿਕ ਖੇਤਰ ਵਿਚ ਸਿਖ ਮਤ ਜੇਕਰ ਅੱਜ ਇਕ ਵਿਲਖਣ ਇਕਾਈ ਦੇ ਤੌਰ ਤੇ ਜਿਉਂਦਾ ਜਾਗਦਾ ਹੈ ਤਾਂ ਇਸ ਦਾ ਇਕੋ ਇਕ ਮੂਲ ਆਧਾਰ 'ਗੁਰਮਤਾ' ਹੀ ਹੈ ਜਿਸ ਨੇ ਕੌਮ ਨੂੰ ਇਕੱਤਰ ਅਤੇ ਜਿਉਂਦਾ ਰੱਖਿਆ ਹੈ । ਗੁਰਮਤਿਆਂ ਦੀ ਸਭ ਤੋਂ ਵੱਧ ਵਰਤੋਂ ਸਿੱਖ ਪੰਥ ਨੇ ਆਪਣੀ ਧਾਰਮਿਕ ਖੇਤਰ ਵਿੱਚ ਵਿੱਲਖਣਤਾ ਨੂੰ ਬਚਾਈ ਰੱਖਣ ਲਈ ਕੀਤੀ । ਇਸ ਵਿਸਥਾਰ ਨੂੰ ਬਹੁਤ ਵਧਾਇਆ ਜਾ ਸਕਦਾ ਹੈ ਪਰ ਸਮੇਂ ਸਥਾਨ ਦੀਆਂ ਬੰਦੀਆਂ ਸਾਨੂੰ ਏਥੇ ਹੀ ਸਬਰ ਕਰਨ ਲਈ ਮਜਬੂਰ ਕਰ ਰਹੀਆਂ ਹਨ ।

ਸਪੱਸ਼ਟ ਹੈ ਕਿ ਗੁਰਮਤਾ ਆਪਣੇ ਮੂਲ ਸਰੂਪ ਵਿੱਚ ਧਾਰਮਿਕ ਹੁੰਦਾ ਹੋਇਆ ਵੀ ਬਰਾਬਰੀ, ਸੁਤੰਤਰਤਾ ਭਾਈਚਾਰੇ ਆਦਿ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਨ ਰੂਪ ਵਿੱਚ ਆਪਣੇ ਅੰਦਰ ਸਮੋਕੇ ਉਹਨਾਂ ਦੀਆਂ ਅਮਲੀ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ ।

Digitized by Panjab Digital Library | www.panjabdigilib.org